# <u>ਪਬਲਿਕ ਕਾਲਜ, ਸਮਾਣਾ</u>

**ਮਿਤੀ: 31 ਅਗਸਤ, 2021**

ਸੈਸ਼ਨ 2021-22 ਦੌਰਾਨ ਕਾਲਜੀਏਟ ਸਕੂਲ, ਐਜੂਕੇਸ਼ਨ ਕਾਲਜ ਅਤੇ ਕਾਲਜ ਦੀਆਂ ਯੂਨੀਵਰਸਿਟੀ ਕਲਾਸਾਂ ਵਿਚ ਪੜ੍ਹ ਰਹੇ ਘੱਟ ਗਿਣਤੀ ਵਰਗ (Minority community-Sikh, Muslim, Christian, Parsi, Jain Etc.) ਨਾਲ ਸਬੰਧਤ (both for Fresh and Renewal cases) ਜਿਨ੍ਹਾਂ ਵਿਦਿਆਰਥੀਆਂ ਨੇ ਵਜੀਫੇ ਲਈ ਅਪਲਾਈ ਕਰਨਾ ਹੈ, ਉਹ ਆਪਣੇ ਵਜੀਫਾ ਫਾਰਮ ਮਿਤੀ 25 ਸਤੰਬਰ 2021 ਤੱਕ Online ਭਰ ਲੈਣ।

ਸਾਰੇ ਸਬੰਧੰਤ ਨੋਟ ਕਰਨ।

ਪ੍ਰਿੰਸੀਪਲ।

ਨੋਟ :

1) ਜਿਨ੍ਹਾਂ ਵਿਦਿਆਰਥੀਆਂ ਨੇ ਪਿਛਲੇ ਸਾਲ (2020-21) ਵਿਚ ਘੱਟ ਗਿਣਤੀ ਵਰਗ (Minority community-Sikh, Muslim, Christian, Parsi, Jain Etc.) ਨਾਲ ਸਬੰਧਤ ਆਨ ਲਾਇਨ ਫਾਰਮ ਭਰੇ ਸਨ, ਉਹ ਵਿਦਿਆਰਥੀ ਆਪਣੀ ਪਿਛਲੇ ਸਾਲ ਦੀ ਪਰਮਾਨੈਂਟ ਆਈ.ਡੀ. ਨਾਲ ਰਿਨੀਵਲ ਫਾਰਮ ਭਰਨਗੇ। ਜੇ ਕਿਸੇ ਵਿਦਿਆਰਥੀ ਪਾਸ ਪਿਛਲੇ ਸਾਲ ਦੀ ਪਰਮਾਨੈਂਟ ਆਈ.ਡੀ.ਨਹੀ ਹੈ ਤਾਂ ਉਹ ਵਿਦਿਆਰਥੀ ਪਹਿਲੀ ਮੰਜਿਲ ਤੇ ਕੰਪਿਊਟਰ ਲੈਬ-3 ਵਿਚੋਂ ਆਈ.ਡੀ ਲੈ ਸਕਦੇ ਹਨ।
2) ਕਾਲਜ ਦੇ ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਕਲਾਸ ਵਿੱਚ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਉਹ ਵਿਦਿਆਰਥੀ ਮੈਰਿਟ ਅਧਾਰ ਤੇ ਆਪਣੇ ਵਜੀਫਾ ਫਾਰਮ ਭਰ ਸਕਦੇ ਹਨ ਉਹ ਭਾਵੇ ਕਿਸੇ ਵੀ ਜਾਤੀ ਨਾਲ ਸਬੰਧਤ ਹੋਣ ਅਤੇ ਕਿਸੇ ਵੀ ਰਾਜ ਦੇ ਵਸਨੀਕ ਹੋਣ।
3) Renewal Scholarship cases (Minority community-Sikh, Muslim, Christian, Parsi, Jain Etc.) ਕੇਵਲ ਉਹ ਵਿਦਿਆਰਥੀ ਹੀ ਫਾਰਮ ਭਰ ਸਕਦੇ ਹਨ, ਜਿਹੜੇ ਹੇਠਲੀ ਕਲਾਸ/ਸਮੈਸਟਰ ਵਿਚੋਂ ਘੱਟ ਤੋਂ ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਪਾਸ ਹਨ।
4) ਉਕਤ ਵਜੀਫੇ ਲਈ ਲੋੜੀਂਦਾ **ਦੋ ਲੱਖ ਰੁਪਏ ਦੀ ਆਮਦਨ ਦਾ ਸਰਟੀਫਿਕੇਟ** ਤਹਿਸੀਲਦਾਰ ਪਾਸੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ।
5) ਅਧਾਰ ਕਾਰਡ ਬੈਂਕ ਖਾਤੇ ਨਾਲ ਲਿੰਕ ਹੋਣਾ ਲਾਜਮੀ ਹੈ।
6) ਜਿਹੜੇ ਬੈਂਕ ਆਪਸ ਵਿਚ Merge ਹੋ ਚੁੱਕੇ ਹਨ ਉਨ੍ਹਾਂ ਬੈਂਕਾਂ ਨਾਲ ਸਬੰਧਤ ਵਿਦਿਆਰਥੀਆਂ ਆਪਣੀ ਨਵੀਂ ਬੈਂਕ ਪਾਸ ਬੁੱਕ ਅਤੇ ਨਵੇਂ IFSC code ਨਾਲ ਅਪਲਾਈ ਕਰਨਗੇ।

**<u>www.Nationalscholarship.gov.in</u>**

# ਪਬਲਿਕ ਕਾਲਜ, ਸਮਾਣਾ (ਪਟਿਆਲਾ)

**ਮਿਤੀ: 31ਅਗਸਤ, 2021**

ਸੈਸ਼ਨ 2021-22 ਦੌਰਾਨ ਦਾਖਲ ਹੋਏ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. (SC/ OBC) ਵਜ਼ੀਫੇ ਲਈ ਆਨ ਲਾਇਨ ਅਪਲਾਈ ਕਰਨ ਲਈ ਪੋਰਟਲ **www.scholarships.punjab.gov.in (Ambedkar Scholarship Portal)** ਮਿਤੀ **31-08-2021** ਤੋਂ **30-09-2021** ਤੱਕ ਖੁੱਲ੍ਹਾ ਰਹੇਗਾ। ਸਬੰਧਤ ਵਿਦਿਆਰਥੀ ਉਕਤ ਸ਼ਡਿਊਲ ਅਨੁਸਾਰ ਆਪਣੇ ਵਜੀਫਾ ਫਾਰਮ ਆਨ ਲਾਇਨ ਭਰ ਕੇ ਪ੍ਰੋ. ਬਲਵਿੰਦਰ ਸਿੰਘ/ਪ੍ਰੋ. ਸ਼ੰਟੀ ਕੁਮਾਰ ਪਾਸ ਕੰਪਿਊਟਰ ਲੈਬ-3rd ਵਿਚ ਜਮ੍ਹਾਂ ਕਰਵਾਉਣ।
ਸਾਰੇ ਸਬੰਧਤ ਨੋਟ ਕਰਨ। ਵਧੇਰੇ ਜਾਣਕਾਰੀ ਲਈ ਵਿਦਿਆਰਥੀ ਪ੍ਰੋ. ਬਲਵਿੰਦਰ ਸਿੰਘ/ ਪ੍ਰੋ. ਸ਼ੰਟੀ ਕੁਮਾਰ ਨਾਲ ਕੰਪਿਊਟਰ ਲੈਬ-3rd ਵਿਚ ਸੰਪਰਕ ਕਰਨ।

ਪ੍ਰਿੰਸੀਪਲ।

ਨੋਟ: 1) ਜਿਹੜੇ ਵਿਦਿਆਰਥੀ ਸੈਸ਼ਨ 2020-21 ਦੌਰਾਨ ਕਾਲਜ ਦੇ ਕਿਸੇ ਵੀ ਕੋਰਸ ਵਿਚ ਪਹਿਲੀ ਵਾਰ ਦਾਖਲ ਹੋਏ ਹਨ, ਉਨ੍ਹਾਂ ਵਿਦਿਆਰਥੀਆਂ ਲਈ ਵਜੀਫਾ ਫਾਰਮ ਅਪਲਾਈ ਕਰਨ ਸਮੇਂ ਆਮਦਨ ਸਰਟੀਫਿਕੇਟ ਲਗਾਉਣਾ ਲਾਜਮੀ ਹੈ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

2) ਅਧਾਰ ਕਾਰਡ ਬੈਂਕ ਖਾਤੇ ਨਾਲ ਲਿੰਕ ਹੋਣਾ ਲਾਜਮੀ ਹੈ।

3) ਜਿਹੜੇ ਬੈਂਕ ਆਪਸ ਵਿਚ Merge ਹੋ ਚੁੱਕੇ ਹਨ ਉਨ੍ਹਾਂ ਬੈਂਕਾਂ ਨਾਲ ਸਬੰਧਤ ਵਿਦਿਆਰਥੀਆਂ ਆਪਣੀ ਨਵੀਂ ਬੈਂਕ ਪਾਸ ਬੁੱਕ ਅਤੇ ਨਵੇਂ IFSC code ਨਾਲ ਅਪਲਾਈ ਕਰਨਗੇ।